# ਤੁਸੀਂ ਪੁੱਛਿਆ ਸੀ
## ਪਾਠਕਾਂ ਦੇ ਸਵਾਲਾਂ ਦੇ ਜਵਾਬ

ਆਪਣੇ ਸਵਾਲ ਹੇਠ ਲਿਖੇ ਪਤੇ 'ਤੇ ਭੇਜੋ । To, Swal Jwab c/o Editor,
PANJAB TIMES, 21 COTTONBROOK ROAD, DERBY DE23 8YJ U.K.
www.punjabtimes.co.uk Email:panjabtimes@aol.com

***ਸਵਾਲ – ਅੰਨ੍ਹੀ ਪੀਹਵੇ ਕੁੱਤਾ ਚੱਟੇ ਗੱਲ ਕਦੋਂ ਆਖੀ ਜਾਂਦੀ ਹੈ ?***

*ਜਗਦੀਪ ਸਿੰਘ ਲੈਸਟਰ*

ਜਵਾਬ – ਜਦੋਂ ਕੋਈ ਮਿਹਨਤ ਕਸ਼ ਆਪਣੀ ਹੱਡ ਭੰਨਵੀਂ ਕਮਾਈ ਦਾ ਸਹੀ ਮਿਹਨਤਾਨਾ ਨਾ ਪਾ ਸਕੇ ਅਤੇ ਫਿਰ ਵੀ ਅੱਖਾਂ ਬੰਦ ਕਰਕੇ ਅਣਭੋਲ ਜਿਹਾ ਬਣਿਆ ਆਪਣੀ ਕਮਾਈ ਫਜ਼ੂਲ ਹੀ ਬਰਬਾਦ ਹੋ ਜਾਣ ਦੇਵੇ । ਖਾਸ ਕਰਕੇ ਜਦੋਂ ਕੰਮ ਕਰਨ ਵਾਲੇ ਨੂੰ ਆਪਣੀ ਕਮਾਈ ਬਾਰੇ ਕੋਈ ਗਿਆਨ ਨਾ ਹੋਣ ਅਤੇ ਉਸ ਦੀ ਕਮਾਈ ਨੂੰ ਅਜਾਈਂ ਛਕ ਛਕਾ ਜਾਣ ਵਾਲਿਆਂ ਦੇ ਇਰਦ ਗਿਰਦ ਇਕੱਠੇ ਹੋ ਜਾਣ ਵੇਲੇ ਅਜਿਹਾ ਆਖਿਆ ਜਾਂਦਾ ਹੈ । ਅੱਜਕਲ੍ਹ ਬਹੁਤੇ ਲੋਕਾਂ, ਦਾ ਇਹੀ ਹਾਲ ਹੈ । ਕੰਮ ਕਰਨ ਵਾਲਿਆਂ ਨੂੰ ਇਹ ਨਹੀਂ ਪਤਾ ਕਿ ਉਹ ਕਾਹਦੇ ਵਾਸਤੇ ਕੀ ਕਰ ਰਹੇ ਹਨ ।

ਕਈ ਵਾਰ ਬੰਦਾ ਆਪਣਾ ਕੰਮ ਵਧਾਉਣ ਲਈ ਨੌਕਰ ਰੱਖ ਲੈਂਦਾ ਹੈ, ਤੇ ਉਹ ਆਪ ਹੀ ਮਾਲਕ ਦਾ ਨੁਕਸਾਨ ਕਰ ਜਾਂਦੇ ਹਨ ।

ਮਾਲਕਣ (ਨੌਕਰ ਨੂੰ ਚੋਰੀ ਨਾਲ ਬਿਸਕੁਟ ਖਾਂਦੇ ਹੋਏ ਵੇਖ ਕੇ) – ਤੈਨੂੰ ਇਥੇ ਵੇਖ ਕੇ ਮੈਨੂੰ ਬੜੀ ਹੈਰਾਨੀ ਹੋ ਰਹੀ ਹੈ, ਰਾਮੂ ।

ਰਾਮੂ – ਉਹ ਤਾਂ ਮਾਲਕਣ ਜੀ ਮੈਨੂੰ ਵੀ ਹੋ ਰਹੀ ਹੈ । ਕਿਉਂਕਿ ਤੁਸੀਂ ਤਾਂ ਹੁਣੇ ਕਹਿ ਕੇ ਗਏ ਸੀ ਕਿ ਤੁਸੀਂ ਬਾਹਰ ਬਾਜ਼ਾਰ ਨੂੰ ਚੱਲੇ ਹੋ, ਮੈਂ ਤਾਂ ਸਮਝਿਆ ਤੁਸੀਂ ਚਲੇ ਗਏ ਹੋ ਪਰ !

***ਸਵਾਲ – ਕਈ ਦੁਕਾਨਾਂ ਵਾਲੇ ਬੜੇ ਕੰਜੂਸ ਹੁੰਦੇ ਨੇ ਉਹ ਏਨਾ ਜਿਆਦਾ ਸਮਾਨ ਮੌਜੂਦ ਹੋਣ ਦੇ ਬਾਵਜੂਦ ਕਿਸੇ ਨੂੰ ਕੋਈ ਚੀਜ਼ ਨਹੀਂ ਦਿੰਦੇ ?***

*ਬਲਵੀਰ ਚੰਦ ਸਮੈਦਿਕ*

ਜਵਾਬ – ਦੁਕਾਨ ਉੱਤੇ ਅਗਲੇ ਸਮਾਨ ਮੁਫਤ ਵੰਡਣ ਲਈ ਨਹੀਂ ਰੱਖਦੇ, ਉਹਨਾਂ ਨੇ ਉਹ ਸਮਾਨ ਮੁੱਲ ਖਰੀਦਿਆ ਹੁੰਦਾ ਹੈ, ਤੇ ਉਹਦੇ ਵਿਚੋਂ ਕੁਝ ਕੁ ਪੈਨੀਆਂ ਮੁਨਾਫ਼ਾ ਲੈ ਕੇ ਅੱਗੇ ਵੇਚਦੇ ਹਨ, ਇਸ ਤਰ੍ਹਾਂ ਉਹਨਾਂ ਦਾ ਕਾਰੋਬਾਰ ਚਲਦਾ ਹੈ । ਉਹਨਾਂ ਨੇ ਵੀ ਆਪਣਾ ਘਰ ਬਾਰ ਚਲਾਉਣਾ ਹੁੰਦਾ ਏ, ਬੱਚੇ ਪਾਲਣੇ ਹੁੰਦੇ ਨੇ । ਜੇ ਉਹ ਮੁੱਲ ਖਰੀਦ ਕੇ ਸਮਾਨ ਮੁਫ਼ਤ ਵਿਚ ਦਿੰਦੇ ਰਹਿਣਗੇ ਤਾਂ ਫਿਰ ਅਗਲੀ ਵਾਰ ਉਹ ਕਿੱਥੋਂ ਖਰੀਦਣਗੇ ।

ਕਈ ਵਾਰ ਉਹਨਾਂ ਨੂੰ ਮੁਫ਼ਤਖੋਰੇ ਗਾਹਕ ਅਜਿਹੇ ਮਿਲ ਜਾਂਦੇ ਨੇ ਜਿਹੜੇ ਆਪ ਕੁਝ ਖਰਚਣਾ ਨਹੀਂ ਚਾਹੁੰਦੇ । ਇਕ ਗਾਹਕ ਦੁਕਾਨ ਤੇ ਗਿਆ ਜਾ ਕੇ ਕਹਿਣ ਲੱਗਾ,

"ਭਰਾ ਜੀ, ਆਂਡੇ ਕਿਸ ਤਰ੍ਹਾਂ ਦਿੰਦੇ ਹੋ ।"

ਦੁਕਾਨਦਾਰ – "ਸੱਠ ਪੈਸੇ ਦਾ ਇਕ ਆਂਡਾ, ਜਿਹੜੇ ਟੁੱਟੇ ਹੋਏ ਹਨ ਉਹ ਮੈਂ 50–50 ਪੈਸੇ ਵਿਚ ਹੀ ਦੇ ਦੇਵਾਂਗਾ ।"

ਗਾਹਕ – "ਤਾਂ ਠੀਕ ਹੈ, ਦਸ ਅੰਡੇ ਤੋੜ ਕੇ ਇਸ ਭਾਂਡੇ ਵਿਚ ਪਾ ਦਿਓ ।"

***ਸਵਾਲ – ਸਿਆਸਤਦਾਨਾਂ ਉੱਤੇ ਲੋਕ ਵਿਸ਼ਵਾਸ ਕਿਉਂ ਨਹੀਂ ਕਰਦੇ?***

*ਸਰਦੂਲ ਸਿੰਘ ਹੰਸਲੋ*

ਜਵਾਬ – ਕਿਉਂਕਿ ਬਹੁਤੇ ਸਿਆਸੀ ਲੋਕ ਆਮ ਜਨਤਾ ਵਿਚ ਆਪਣਾ ਭਰੋਸਾ ਗਵਾ ਚੁੱਕੇ ਹਨ । ਉਹ ਚੋਣਾਂ ਸਮੇਂ ਲਾਰੇ ਲਾਉਂਦੇ ਹਨ, ਭਰੋਸੇ ਦਿੰਦੇ ਹਨ, ਤੇ ਫਿਰ ਅਗਲੀਆਂ ਚੋਣਾਂ ਤੱਕ ਕਿਧਰੇ ਗੁੰਮ ਹੋ ਜਾਂਦੇ ਹਨ । ਇਸ ਦੇ ਇਲਾਵਾ ਕੁਝ ਸਿਆਸੀ ਆਗੂ ਅਜਿਹੇ ਵੀ ਹੁੰਦੇ ਨੇ ਜਿਹੜੇ ਸਰਕਾਰੇ ਦਰਬਾਰੇ ਅਸਰ ਰਸੂਖ ਹੋਣ ਕਾਰਨ ਗਲਤ ਕੰਮ ਕਰਨ ਦੇ ਆਦੀ ਬਣ ਜਾਂਦੇ ਨੇ ਪਰ ਜਨਤਾ ਨੂੰ ਉਹਨਾਂ ਕੰਮਾਂ ਤੋਂ ਰੋਕਦੇ ਹਨ ।

ਨੇਤਾ – ਮੈਂ ਅਨੁਭਵ ਤੋਂ ਬਗ਼ੈਰ ਕੁਝ ਨਹੀਂ ਬੋਲਦਾ ਅਤੇ ਇਹ ਮੇਰਾ ਅਨੁਭਵ ਹੈ ਕਿ ਸ਼ਰਾਬ ਇਕ ਬੁਰੀ ਚੀਜ਼ ਹੈ । ਇਸ ਦੇ ਨਾਲ ਘਰ ਤਬਾਹ ਹੋ ਜਾਂਦੇ ਹਨ ।

ਇਕ ਵਿਅਕਤੀ – ਹਾਂ, ਇਹ ਗੱਲ ਤਾਂ ਤੁਸੀਂ ਬਹੁਤ ਇਮਾਨਦਾਰੀ ਨਾਲ ਕਹਿ ਰਹੇ ਓ । ਕਲ੍ਹ ਹੀ ਤੁਹਾਡੀ ਸ੍ਰੀਮਤੀ ਸਾਡੀ ਸਭਾ ਵਿਚ ਆਈ ਸੀ । ਉਹ ਕਹਿ ਰਹੀ ਸੀ ਕਿ ਤੁਸੀਂ ਉਹਨਾਂ ਨੂੰ ਸ਼ਰਾਬਬੰਦੀ ਵਾਲੇ ਭਾਸ਼ੀ ਵਿਚ ਨਾ ਬੁਲਾਓ ਉਹ ਤਾਂ ਖੁਦ ਸ਼ਰਾਬ ਪੀਂਦੇ ਹਨ ।

ਦੂਜਾ ਵਿਅਕਤੀ – ਅਤੇ ਵੇਸਵਾ ਬਾਰੇ ਤੁਹਾਡਾ ਕੀ ਵਿਚਾਰ ਹੈ ।

ਨੇਤਾ – ਮੈਂ ਸੰਸਾਰਕ ਸੁੱਖ ਭੋਗਣ ਵਾਲਾ ਬੰਦਾ ਹਾਂ । ਤੁਹਾਨੂੰ ਇਹ ਕਹਾਂਗਾ ਕਿ ਵੇਸਵਾ ਦੇ ਕੋਠੇ ਉੱਤੇ ਜਾਣ ਨਾਲ ਵੇਸਵਾ ਨਾਲੋਂ ਜ਼ਿਆਦਾ ਉਥੇ ਜਾਣ ਵਾਲੇ ਲੋਕ ਬਰਬਾਦ ਹੁੰਦੇ ਹਨ ।

***ਸਵਾਲ – ਲੋਕ ਸਮਝਦੇ ਹਨ, ਵਕੀਲਾਂ ਕੋਲ ਬੜਾ ਪੈਸਾ ਹੁੰਦਾ ਏ, ਉਹਨਾਂ ਨੂੰ ਵਕੀਲ ਬਣਨ ਲਈ ਮਿਹਨਤ ਵੀ ਤਾਂ ਬਹੁਤ ਕਰਨੀ ਪੈਂਦੀ ਹੈ । ਪਰ ਲੋਕ ਉਨ੍ਹਾਂ ਦੀ ਮਿਹਨਤ ਦੀ ਬਜਾਏ ਬਸ ਪੈਸੇ ਵੱਲ ਹੀ ਕਿਉਂ ਦੇਖਦੇ ਹਨ ?***

*ਐਡਵੋਕੇਟ ਬਲਕਰਨ ਸਿੰਘ ਲੰਡਨ*

ਜਵਾਬ – ਤੁਹਾਡੀ ਗੱਲ ਵੀ ਸਹੀ ਹੈ ਤੇ ਲੋਕਾਂ ਦੀ ਵੀ । ਸਾਡਾ ਮਤਲਬ ਹੈ ਕਿ ਤੁਸੀਂ ਠੀਕ ਕਹਿੰਦੇ ਹੋ ਕਿ ਵਕੀਲ ਬਣਨ ਲਈ ਮਿਹਨਤ ਬਹੁਤ ਕਰਨੀ ਪੈਂਦੀ ਹੈ । ਜੇ ਕੋਈ ਮਿਹਨਤ ਕਰੇਗਾ ਤਦ ਹੀ ਕੁਝ ਪਾਏਗਾ । ਕੋਈ ਵੀ ਸਖ਼ਤ ਕੰਮ ਕਰੋ ਤਾਂ ਉਹਦਾ ਮੁਲ ਵੀ ਜਿਆ–ਦਾ ਹੀ ਹੋਵੇਗਾ । ਪਰ ਕੁਝ ਵਕੀਲ ਤਾਂ ਮੁਢਲੀ ਸਲਾਹ ਦੇ ਵੀ ਭਾਰੀ ਪੈਸੇ ਵਸੂਲ ਕਰਦੇ ਹਨ ।

ਇਕ ਭਿਖਾਰਨ ਨੂੰ ਰਸਤੇ ਵਿਚ ਡਿੱਗਾ ਹੋਇਆ ਵੀਹਾਂ ਦਾ ਨੋਟ ਲੱਭਿਆ । ਉਹਨੇ ਰਾਹ ਜਾਂਦੇ ਇਕ ਵਕੀਲ ਨੂੰ ਪੁੱਛਿਆ, "ਜੀ ਇਹ ਵੀਹ ਦਾ ਨੋਟ ਹੀ ਹੈ ਨਾ ।"

ਵਕੀਲ ਨੇ ਆਪਣੀ ਜੇਬ ਵਿਚ ਵੀਹ ਪੌਂਡ ਦਾ ਨੋਟ ਪਾਇਆ ਤੇ 10 ਰੁਪਏ ਦਾ ਨੋਟ ਭਿਖਾਰਨ ਨੂੰ ਦਿੰਦੇ ਹੋਏ ਕਿਹਾ, "ਹਾਂ ਇਹ ਵੀਹਾਂ ਦਾ ਨੋਟ ਹੀ ਸੀ ।"

***ਸਵਾਲ – ਨਵੇਂ ਪੂਰ ਦੀ ਪੀੜ੍ਹੀ ਏਨੀ ਤੇਜ਼ ਕਿਉਂ ਹੁੰਦੀ ਜਾ ਰਹੀ ਏ ?***

*ਤੇਜਪਾਲ ਬ੍ਰਮਿੰਘਮ*

ਜਵਾਬ – ਇਹ ਤਾਂ ਕੁਦਰਤ ਦਾ ਅਸੂਲ ਹੈ ਕਿ ਹੌਲੀ ਹੌਲੀ ਹਰ ਚੀਜ਼ ਦਾ ਵਾਧਾ ਹੁੰਦਾ ਜਾਂਦਾ ਹੈ । ਵਿਗਿਆਨੀ ਕਹਿੰਦੇ ਨੇ ਕਿ ਦਿਨੋ ਦਿਨ ਇਨਸਾਨ ਦੀ ਬੁੱਧੀ ਵਿਚ ਵੀ ਵਾਧਾ ਹੁੰਦਾ ਜਾ ਰਿਹਾ ਹੈ । ਜਦੋਂ ਛੋਟਾ ਜਿਹਾ ਇਨਸਾਨ ਆਪਣੇ ਤੋਂ ਪਹਿਲੇ ਲੋਕਾਂ ਦੇ ਕੀਤੇ ਹੋਏ ਅਦਭੁੱਤ ਤਜਰਬੇ ਅੱਖੀਂ ਦੇਖਦਾ ਹੈ ਤਾਂ ਉਸ ਤੋਂ ਅਗਲੇ ਤਜਰਬੇ ਉਹ ਖੁਦ ਕਰਨ ਲੱਗਦਾ ਹੈ, ਇਸ ਤਰ੍ਹਾਂ ਮਨੁੱਖੀ ਬੁੱਧੀ ਵਿਚ ਦਿਨੋ ਦਿਨ ਵਾਧਾ ਹੁੰਦਾ ਜਾ ਰਿਹਾ ਹੈ ।

ਇਕ ਵਿਦਿਆਰਥੀ ਨੇ ਅਧਿਆਪਕ ਨੂੰ ਪੁੱਛਿਆ, 'ਸਰ, ਆਈ ਡੋਂਟ ਨੋ ਦਾ ਕੀ ਮਤਲਬ ਹੁੰਦਾ ਹੈ ?

ਅਧਿਆਪਕ ਨੇ ਕਿਹਾ, 'ਮੈਂ ਨਹੀਂ ਜਾਣਦਾ'

ਵਿਦਿਆਰਥੀ – 'ਸਰ, ਤੁਸੀਂ ਨਹੀਂ ਜਾਣਦੇ ਤਾਂ ਹੋਰ ਕੌਣ ਜਾਣਦਾ ਹੈ ?'

# ਕਾਰਟੂਨ ਕੋਨਾ



ਤੇਜਿੰਦਰ ਮਨਚੰਦਾ, ਪੈਰਿਸ




ਵਿਦੇਸ਼ਾਂ ਵਿਚ ਪੰਜਾਬਣਾਂ ਬੀਬੀਆਂ ਦਾ ਇਕੋ ਇਕ ਰਸਾਲਾ 'ਪ੍ਰਦੇਸਣ'

ਪ੍ਰਦੇਸਣ ਮਾਸਿਕ

ਡਾਕ ਰਾਹੀਂ ਘਰ ਮੰਗਵਾਉਣ ਲਈ, ਪਰਚੇ ਦਾ ਚੰਦਾ ਅਤੇ ਬਿੱਲਾਂ ਦਾ ਭੁਗਤਾਨ ਤੁਸੀਂ ਕਰੈਡਿਟ ਕਾਰਡ ਜਾਂ ਸਵਿਚ ਕਾਰਡ ਰਾਹੀਂ ਵੀ ਕਰ ਸਕਦੇ ਹੋ ।

| Subscription for (please tick relevant box) | PERDESAN 1 YEAR | 2 YEARS |
|---|---|---|
| UNITED KINGDOM | ☐ £20 | ☐ £40 |
| EUROPE | ☐ £25 | ☐ £50 |
| | ☐ £30 | ☐ £60 |

NAME....................................................................
ADDRESS..............................................................
.................................... POST CODE..............................
TEL.......................................................................

ਪ੍ਰਦੇਸਣ ਰਸਾਲਾ ਨੇੜੇ ਦੀ ਦੁਕਾਨ ਤੋਂ ਲਵੋ, ਜੇ ਨਹੀਂ ਮਿਲਦਾ ਤਾਂ ਸਾਨੂੰ ਫੋਨ ਕਰੋ

Post with payments to: subscription
PERDESAN Monthly
21 COTTON BROOK ROAD, DERBY. DE23 8JY (UK)
Tel: 01332 372851 Fax: 01332-37 28 33

## GETTING IT RIGHT

Panjab Times always tries publish news and other information both fairly and accurately, and without discriminating against any idividual or group. If you have a complaint about an item in this newspaper – or wish to comment on any other aspect of the newspaper – write to the editor. If you are still dissatisfied you can write to the Press Complaints Commission, an independent organisation established to uphold an editorial Code of Practice for the Press.

*Panjab Times & people associated with it are not responsible for any claims made by the advertisers & do not endorse any product or services advertised in the Panjab Times. Advertisers will be held responsible for any mis-information.*

ਅਦਾਰਾ ਪੰਜਾਬ ਟਾਈਮਜ਼ ਵੱਲੋਂ ਪਾਠਕਾਂ ਨੂੰ ਸਹੀ ਅਤੇ ਸੱਚਾਈ 'ਤੇ ਆਧਾਰਿਤ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਇਸ ਲਈ ਇਸ਼ਤਿਹਾਰ, ਲੇਖ, ਖ਼ਬਰਾਂ ਅਤੇ ਚਿੱਠੀਆਂ ਆਦਿ ਭੇਜਣ ਵਾਲੇ ਸਬੰਧਿਤ ਜਾਣਕਾਰੀ ਸਬੂਤਾਂ ਦੇ ਆਧਾਰ 'ਤੇ ਹੀ ਭੇਜਣ । ਕਿਸੇ ਵੀ ਤਰ੍ਹਾਂ ਦੀ ਗਲਤ ਜਾਣਕਾਰੀ ਦੇਣ ਲਈ ਹਰ ਕਾਨੂੰਨੀ ਪੱਖ ਤੋਂ ਸਬੰਧਿਤ ਵਿਅਕਤੀ ਜਾਂ ਸੰਸਥਾ ਹੀ ਖੁਦ ਜਿੰਮੇਵਾਰ ਹੋਣਗੇ ।

EDITOR, PUNJAB TIMES,
21 Cotton Brook Rd, Derby, DE23 8YJ, U.K.
Tel:- 01332 372851 Fax:- 01332 372833
*This newspaper abides by the PCC's decisions*